ਜਮਾਤ: ਬੀ.ਏ. ਭਾਗ ਪਹਿਲਾ (ਸਮੈਸਟਰ ਪਹਿਲਾ)

ਸੈਸ਼ਨ: 2025-26, 2026-27

ਪੇਪਰ: ਪੰਜਾਬੀ ਲਾਜ਼ਮੀ

ਪੇਪਰ ਕੋਡ: BA118

ਕੁੱਲ ਅੰਕ : 100

ਅੰਦਰੂਨੀ ਮੁਲਾਂਕਣ : 30 ਅੰਕ

ਬਾਹਰੀ ਪਰੀਖਿਆ: 70 ਅੰਕ

ਕੁੱਲ ਕ੍ਰੈਡਿਟ: 04

ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 35%

ਅਧਿਆਪਨ: 06 ਪੀਰੀਅਡ ਪ੍ਰਤੀ ਹਫਤਾ

ਸਮਾਂ : 3 ਘੰਟੇ

## ਪਾਠਕ੍ਰਮ ਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

### ਭਾਗ-ੳ

ੳ-1: ਕਹਾਣੀ ਕੀ ਹੁੰਦੀ ਹੈ? ਨਿੱਕੀ ਕਹਾਣੀ, ਲੰਮੀ ਕਹਾਣੀ, ਮਿੰਨੀ ਕਹਾਣੀ ਦੀ ਬਣਤਰ, ਸਰੂਪ ਅਤੇ ਆਪਸੀ ਵੱਖਰੇਵਾਂ

ੳ-2: ਕਥਾ ਪੰਜਾਬ , ਸੰਪਾਦਕ- ਡਾ. ਹਰਿਭਜਨ ਸਿੰਘ, ਨੈਸ਼ਨਲ ਬੁੱਕ ਟ੍ਰਸਟ, ਇੰਡੀਆ (ਅਧਿਆਪਕ ਵਿਦਿਆਰਥੀਆਂ ਨੂੰ ਕਹਾਣੀ ਦੇ ਸਾਰ, ਤੱਤ ਸਾਰ, ਵਿਸ਼ੇ ਬਾਰੇ ਦੱਸੇਗਾ ਅਤੇ ਕਹਾਣੀ ਦੀ ਸਾਹਿਤਕ ਕਲਾ ਬਾਰੇ ਜਾਣੂ ਕਰਵਾਏਗਾ ਅਤੇ ਨਾਲ ਹੀ ਉਨ੍ਹਾਂ ਨੂੰ ਇਨ੍ਹਾਂ ਬਾਰੇ ਆਪਣੇ ਵਿਚਾਰ ਬਣਾਉਣ ਅਤੇ ਆਪਣਾ ਸਿਰਜਣਾਤਮਕ ਹੁੰਗਾਰਾ ਸਿਰਜਣ ਲਈ ਪ੍ਰੇਰਿਤ ਕਰੇਗਾ)

### ਭਾਗ-ਅ

ਅ-1: ਪੰਜਾਬੀ ਲਿਖਣ ਕਲਾ: ਹੇਠ ਲਿਖੇ ਰੂਪਾਂ ਦਾ ਸਰੂਪ, ਆਪਸੀ ਨਿਖੇੜਾ ਅਤੇ ਵਿਹਾਰਕ ਅਭਿਆਸ

1) ਅਖ਼ਬਾਰੀ ਲੇਖ 2) ਮਿਡਲ 3) ਖ਼ਬਰ

(ਅੰਦਰੂਨੀ ਮੁਲਾਂਕਣ ਲਈ ਅਸਾਈਨਮੈਂਟ ਦੇ ਤੌਰ 'ਤੇ ਵਿਦਿਆਰਥੀ ਨੂੰ ਇਨ੍ਹਾਂ ਰੂਪਾਂ ਨਾਲ ਸੰਬੰਧਿਤ 50 ਪੰਨਿਆਂ ਦੀ ਸਕਰੈਪ ਬੁੱਕ ਤਿਆਰ ਕਰਨ ਲਈ ਕਿਹਾ ਜਾਵੇਗਾ, ਜਿਸ ਵਿਚ ਉਹ ਹਰ ਰੂਪ ਨਾਲ ਸੰਬੰਧਿਤ ਘੱਟ ਤੋਂ ਘੱਟ 4 ਲਿਖਤਾਂ ਲਿਖੇਗਾ ਅਤੇ ਉਸ ਦੇ ਆਧਾਰ 'ਤੇ ਅਸਾਈਨਮੈਂਟ ਦੇ ਅੰਕ ਲਗਾਏ ਜਾਣਗੇ।)

ਅ-2: ਲੇਖ ਰਚਨਾ: ਸਮਕਾਲ ਨਾਲ ਸੰਬੰਧਿਤ ਸਮਾਜਿਕ ਮਸਲਿਆ (ਲਿੰਗਕ ਬਰਾਬਰੀ ਅਤੇ ਧਰਮ-ਨਿਰਪੇਖਤਾ.) ਬਾਰੇ, ਸਿੱਖਿਆ ਵਿਚ ਮਾਤ ਭਾਸ਼ਾ ਦੇ ਮਹੱਤਵ ਬਾਰੇ, ਅਜੋਕੀ ਗੀਤਕਾਰੀ ਵਿਚ ਹਿੰਸਾ, ਜਾਤਪਾਤ ਅਤੇ ਲੱਚਰਤਾ ਬਾਰੇ, ਸਾਈਬਰ-ਕ੍ਰਾਂਤੀ ਅਤੇ ਮਨੁੱਖੀ ਅਧਿਕਾਰਾਂ ਦੇ ਮਸਲੇ ਬਾਰੇ, ਸਿੱਖਿਆ ਦੇ ਆਨਲਾਈਨ ਮਾਧਿਅਮ ਦੀਆਂ ਸੰਭਾਵਨਾਵਾਂ ਤੇ ਸੀਮਾਵਾਂ ਬਾਰੇ, ਸਮਾਜਿਕ-ਮੀਡੀਆ ਦੀਆਂ ਸੰਭਾਵਨਾਵਾਂ ਤੇ ਸਮੱਸਿਆਵਾਂ ਬਾਰੇ, ਪੰਜਾਬੀਆਂ ਵਿਚ ਪਰਵਾਸ ਦੇ ਰੁਝਾਨ ਦੇ ਕਾਰਣਾਂ ਬਾਰੇ, ਮਸ਼ੀਨੀ ਬੁੱਧੀਮਾਨਤਾ ਦੇ ਦੌਰ ਵਿੱਚ ਪੰਜਾਬੀ ਕੰਪਿਊਟਰੀਕਰਨ ਦੀ ਸਥਿਤੀ, ਸਮੱਸਿਆਵਾਂ ਅਤੇ ਸਮਾਧਾਨ ਬਾਰੇ ਨਿਬੰਧ ਰਚਨਾ

## ਭਾਗ-ੲ

ਪਾਠਕ੍ਰਮ ਦੇ ਭਾਗ-ੳ ਅਤੇ ਭਾਗ-ਅ-1 ਦੇ (ਪੰਜਾਬੀ ਲਿਖਣ ਕਲਾ) ਵਾਲੇ ਭਾਗ ਵਿਚੋਂ 11 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।

## ਅੰਕ-ਵੰਡ ਅਤੇ ਪੇਪਰ ਸੈੱਟਰ ਲਈ ਹਦਾਇਤਾਂ

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ ਪਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ, ਅ ਅਤੇ ੲ ਹੋਣਗੇ।
2. ਪੇਪਰ ਨੂੰ ਤਿੰਨ ਭਾਗਾਂ ੳ, ਅ ਅਤੇ ੲ ਵਿੱਚ ਵੰਡਿਆ ਜਾਵੇ, ਅੱਗੋਂ 'ਭਾਗ ੳ' ਅਤੇ 'ਭਾਗ ਅ' ਦੇ ਦੋ-ਦੋ ਉਪ-ਭਾਗ ੳ-1, ੳ-2, ਅ-1, ਅ-2 ਬਣਾਏ ਜਾਣ।
3. ਭਾਗ ੳ ਦੇ ਪਹਿਲੇ ਉਪ-ਭਾਗ ੳ-1 ਵਿਚੋਂ 2 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਇੱਕ ਪ੍ਰਸ਼ਨ ਦਾ ਉੱਤਰ ਦੇਵੇਗਾ। ਇਹ ਪ੍ਰਸ਼ਨ ਦਿੱਤੇ ਗਏ ਸਾਹਿਤ ਰੂਪਾਂ ਦੇ ਸਰੂਪ ਤੱਤਾਂ ਬਾਰੇ ਜਾਂ ਇਨ੍ਹਾਂ ਵਿਚਕਾਰ ਸਮਾਨਤਾਵਾਂ ਜਾਂ ਅੰਤਰਾਂ ਬਾਰੇ ਹੋਣਗੇ। 12 ਅੰਕ
4. ਭਾਗ ੳ ਦੇ ਦੂਜੇ ਉਪ ਭਾਗ ੳ-2 ਵਿੱਚੋਂ ਤਿੰਨ ਕਹਾਣੀਆਂ ਦੇ ਕੇ ਕਿਸੇ ਇੱਕ ਕਹਾਣੀ ਦਾ ਵਿਸ਼ਾ-ਵਸਤੂ/ਸਾਰ/ ਪਾਠਕ ਦਾ ਹੁੰਗਾਰਾ, ਪਾਠਕੀ ਵਿਆਖਿਆ ਕਰਨ ਲਈ ਕਿਹਾ ਜਾਵੇਗਾ। 12 ਅੰਕ
5. ਭਾਗ ਅ ਦੇ ਪਹਿਲੇ ਉਪ ਭਾਗ ਅ-1 ਵਿਚ ਦਰਸਾਏ ਗਏ ਲੇਖਣੀ ਰੂਪਾਂ ਦੇ ਸਰੂਪ ਅਤੇ ਇਨ੍ਹਾਂ ਵਿਚਕਾਰ ਨਿਖੇੜੇ ਬਾਰੇ 2 ਸਵਾਲ ਪੁੱਛੇ ਜਾਣਗੇ। ਇਨ੍ਹਾਂ ਵਿਚੋਂ ਵਿਦਿਆਰਥੀ ਨੂੰ ਕਿਸੇ ਇੱਕ ਸਵਾਲ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 12 ਅੰਕ
6. ਭਾਗ ਅ ਦੇ ਦੂਜੇ ਉਪ ਭਾਗ ਅ-2 ਵਿੱਚ ਦਰਸਾਏ ਵਿਸ਼ਿਆਂ ਵਿਚੋਂ ਕਿਸੇ ਵਿਸ਼ੇ 'ਤੇ ਨਿਬੰਧ ਲਿਖਣ ਲਈ ਕਿਹਾ ਜਾਵੇਗਾ। (ਤਿੰਨ ਵਿੱਚੋਂ ਇੱਕ) 12 ਅੰਕ
7. ਭਾਗ-ੲ ਵਿਚ ਭਾਗ ੳ-1, ੳ-2 ਅਤੇ ਭਾਗ ਅ-1 (ਪੰਜਾਬੀ ਲਿਖਣ ਕਲਾ) ਵਿੱਚੋਂ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ ਪੁੱਛੇ ਜਾਣਗੇ। ਭਾਗ ੳ-1 ਵਿਚੋਂ 2, ੳ-2 ਵਿੱਚੋਂ 7 ਅਤੇ ਭਾਗ ਅ-1 ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। 11x2-22 ਅੰਕ

## ਸਹਾਇਕ ਪਾਠ-ਸਮੱਗਰੀ


1. ਰਾਜਿੰਦਰਪਾਲ ਸਿੰਘ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ |

2. ਕਰਮਵੀਰ ਸਿੰਘ, ਪੰਜਾਬੀ ਮਿੰਨੀ ਕਹਾਣੀ: ਨਿਕਾਸ ਅਤੇ ਵਿਕਾਸ, ਭਾਸ਼ਾ ਵਿਭਾਗ, ਪੰਜਾਬ। 3.

ਜੋਗਿੰਦਰ ਸਿੰਘ ਨਹਿਰੂ (ਸੰਪਾ.), ਕਹਾਣੀ ਦੀ ਵਿਧਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।

4. ਦਲੀਪ ਕੌਰ ਟਿਵਾਣਾ, ਕਹਾਣੀ ਕਲਾ ਤੇ ਮੇਰਾ ਅਨੁਭਵ, ਭਾਸ਼ਾ ਵਿਭਾਗ, ਪੰਜਾਬ। 5.

ਡਾ. ਆਤਮ ਸਿੰਘ ਰੰਧਾਵਾ (ਸੰਪਾ.), ਸੰਵਾਦ (ਉਤਰ-ਮਾਨਵਵਾਦ, ਆਰਟੀਫ਼ੀਸ਼ੀਅਲ ਇੰਟੈਲੀਜੈਂਸ ਤੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਵਿਸ਼ੇਸ਼ ਅੰਕ), ਅੰਕ-19, ਜਨਵਰੀ-ਜੂਨ 2024.